PUNJABI

AEC Australian Electoral Commission

# ਰੁਕੋ ਅਤੇ ਸੋਚੋ

## ਇਹਨਾਂ ਕੇਂਦਰੀ ਚੋਣਾਂ ਦੌਰਾਨ ਸਰੋਤ ਦੀ ਜਾਂਚ ਕਰੋ

ਕੇਂਦਰੀ ਚੋਣਾਂ ਦੇ ਦੌਰਾਨ ਬਹੁਤ ਸਾਰੀ ਜਾਣਕਾਰੀ ਵੰਡੀ ਜਾ ਰਹੀ ਹੈ, ਜੋ ਤੁਹਾਡੀ ਵੋਟ ਨੂੰ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕਰੇਗੀ। ਇਹ ਜ਼ਰੂਰੀ ਹੈ ਕਿ ਤੁਸੀਂ ਜੋ ਵੇਖਦੇ, ਸੁਣਦੇ ਜਾਂ ਪੜ੍ਹਦੇ ਹੋ ਉਸ ਬਾਰੇ ਵਿਚਾਰ ਕਰੋ। ਜੇ ਤੁਹਾਨੂੰ ਜਾਣਕਾਰੀ ਬਾਰੇ ਕੋਈ ਸ਼ੱਕ ਹੈ, ਤਾਂ ਇੱਥੇ ਸਵਾਲ ਹਨ ਜੋ ਤੁਸੀਂ ਆਪਣੀ ਰਾਏ ਬਣਾਉਣ ਅਤੇ ਫੈਸਲਾ ਲੈਣ ਵਿੱਚ ਆਪਣੀ ਮਦਦ ਕਰਨ ਲਈ ਪੁੱਛ ਸਕਦੇ ਹੋ।

## ਵੋਟਰ ਵਜੋਂ ਤੁਹਾਡੀ ਭੂਮਿਕਾ

ਇਹ ਵਿਚਾਰ ਕਰਨ ਲਈ ਸਮਾਂ ਲਓ ਜੇ ਜਾਣਕਾਰੀ ਇਹ ਹੈ:

### ਭਰੋਸੇਯੋਗ

**ਕੀ ਇਹ ਭਰੋਸੇਯੋਗ ਜਾਂ ਮਾਨਤਾ ਪ੍ਰਾਪਤ ਸਰੋਤ ਤੋਂ ਹੈ?**

ਕੀ ਤੁਸੀਂ ਜਾਣਕਾਰੀ ਦੇ ਸਰੋਤ ਨੂੰ ਜਾਣਦੇ ਹੋ? ਕੀ ਇਹ ਕਿਸੇ ਮਾਨਤਾ ਪ੍ਰਾਪਤ ਮੀਡੀਆ ਕੇਂਦਰ ਜਾਂ ਪ੍ਰਮਾਣਿਤ ਸੋਸ਼ਲ ਮੀਡੀਆ ਅਕਾਉਂਟ ਤੋਂ ਆਈ ਹੈ? ਚੋਣ ਕਾਨੂੰਨ ਸੰਚਾਰ ਦੀ ਸੱਚਾਈ ਨੂੰ ਨਿਯਮਤ ਨਹੀਂ ਕਰਦੇ।

### ਮੌਜੂਦਾ/ਚਲੰਤ

**ਇਹ ਕਦੋਂ ਪ੍ਰਕਾਸ਼ਤ ਹੋਇਆ ਸੀ?**

ਕਿਉਂ ਕਿ ਇੱਕ ਪੋਸਟ/ਲੇਖ ਅੱਜ ਸਾਂਝਾ ਕੀਤਾ ਗਿਆ ਸੀ ਇਸਦਾ ਮਤਲਬ ਇਹ ਨਹੀਂ ਹੈ ਕਿ ਇਹ ਚਲੰਤ ਹੈ। ਹਮੇਸ਼ਾਂ ਮੂਲ ਸਰੋਤ ਅਤੇ ਪ੍ਰਕਾਸ਼ਤ ਹੋਣ ਦੀ ਮਿਤੀ ਦੀ ਜਾਂਚ ਕਰੋ।

### ਸੁਰੱਖਿਅਤ

**ਕੀ ਇਹ ਘੁਟਾਲਾ ਹੋ ਸਕਦਾ ਹੈ?**

ਜੇ ਤੁਹਾਨੂੰ ਸੋਸ਼ਲ ਮੀਡੀਆ ਜਾਂ ਹੋਰ ਡਿਜੀਟਲ ਪਲੇਟਫਾਰਮਾਂ ਉੱਤੇ ਜਾਣਕਾਰੀ ਦੇ ਸਰੋਤ ਜਾਂ ਸਮੱਗਰੀ ਬਾਰੇ ਸੰਦੇਹ ਹੈ, ਤਾਂ ਹਿੱਸਾ ਲੈਣ ਤੋਂ ਪਹਿਲਾਂ ਧਿਆਨ ਨਾਲ ਸੋਚਣਾ ਮਹੱਤਵਪੂਰਨ ਹੈ।

ਜਿੱਥੇ ਸੰਭਵ ਹੋਵੇ, ਤੁਹਾਨੂੰ ਜਾਣਕਾਰੀ ਦੇ ਸਰੋਤ ਦੇ ਸੰਪਰਕ ਵੇਰਵਿਆਂ ਦੀ ਜਾਂਚ ਕਰਨੀ ਚਾਹੀਦੀ ਹੈ।

## ਏ ਈ ਸੀ ਦੀ ਭੂਮਿਕਾ

ਆਸਟ੍ਰੇਲੀਆਈ ਚੋਣ ਕਮਿਸ਼ਨ (ਏ ਈ ਸੀ) ਇੱਕ ਸੁਤੰਤਰ ਏਜੰਸੀ ਹੈ ਜਿਸਨੂੰ ਕੇਂਦਰੀ ਚੋਣਾਂ ਕਰਵਾਉਣ ਦਾ ਕੰਮ ਸੌਂਪਿਆ ਗਿਆ ਹੈ। ਏ ਈ ਸੀ ਦੀ ਭੂਮਿਕਾ ਇਹ ਹੈ:

**ਚੋਣ ਪ੍ਰਕਿਰਿਆ ਬਾਰੇ ਭਰੋਸੇਯੋਗ ਜਾਣਕਾਰੀ ਪ੍ਰਦਾਨ ਕਰੇ**

ਏ ਈ ਸੀ ਸਾਡੀ ਇਸ਼ਤਿਹਾਰਬਾਜ਼ੀ ਮੁਹਿੰਮ, ਵੈਬਸਾਈਟ, ਸੰਪਰਕ ਕੇਂਦਰ ਅਤੇ ਸੋਸ਼ਲ ਮੀਡੀਆ ਖਾਤਿਆਂ ਰਾਹੀਂ ਨਾਮ ਦਰਜ ਕਰਨ, ਵੋਟ ਪਾਉਣ ਜਾਂ ਉਮੀਦਵਾਰ ਵਜੋਂ ਖੜ੍ਹੇ ਹੋਣ ਬਾਰੇ ਜਾਣਕਾਰੀ ਤੱਕ ਅਸਾਨ ਪਹੁੰਚ ਦੁਆਵੇਗੀ।

ਜੇ ਇਨ੍ਹਾਂ ਚੋਣ ਪ੍ਰਕਿਰਿਆਵਾਂ ਬਾਰੇ ਕੋਈ ਗਲਤ ਜਾਣਕਾਰੀ ਹੈ, ਤਾਂ ਏ ਈ ਸੀ ਰਿਕਾਰਡ ਨੂੰ ਦਰੁਸਤ ਕਰਨ ਲਈ ਕਾਰਵਾਈ ਕਰੇਗੀ। ਇਨ੍ਹਾਂ ਚੋਣ ਪ੍ਰਕਿਰਿਆਵਾਂ ਤੋਂ ਬਾਹਰ – ਏ ਈ ਸੀ ਦੀ ਚੋਣ ਸੰਚਾਰ ਦੀ ਸੱਚਾਈ ਦੀ ਜਾਂਚ ਕਰਨ ਵਿੱਚ ਕੋਈ ਭੂਮਿਕਾ ਨਹੀਂ ਹੈ।

**ਚੋਣ ਸੰਚਾਰ ਦੇ ਅਧਿਕਾਰਤ ਹੋਣ ਦੀ ਜਾਂਚ ਕਰੋ**

ਉਸ ਜਾਣਕਾਰੀ ਦੇ ਸਰੋਤ ਨੂੰ ਜਾਣਨ ਵਿੱਚ ਤੁਹਾਡੀ ਮਦਦ ਕਰਨ ਲਈ ਕੁਝ ਚੋਣ ਸੰਦੇਸ਼ਾਂ ਨੂੰ ਅਧਿਕਾਰਤ ਕਰਨ ਦੀ ਲੋੜ ਹੁੰਦੀ ਹੈ। ਸ਼ਿਕਾਇਤਾਂ ਮਿਲਣ ਤੇ, ਏ ਈ ਸੀ ਉਨ੍ਹਾਂ ਚੋਣ ਸੰਚਾਰਾਂ ਦੀ ਜਾਂਚ ਕਰੇਗੀ ਜੋ ਸਹੀ ਢੰਗ ਨਾਲ ਅਧਿਕਾਰਤ ਨਹੀਂ ਹਨ।




aec.gov.au 13 23 26

ਚੋਣ ਕਮਿਸ਼ਨਰ, ਕੈਨਬਰਾ ਦੁਆਰਾ ਅਧਿਕਾਰਤ
Authorised by the Electoral Commissioner, Canberra